# ਓਕ ਰਿੱਜ ਮੋਰੇਨ

ਓਕ ਰਿੱਜ ਮੋਰੇਨ ਉਹ ਰਿੱਜ ਹੈ ਜੋ ਤਕਰੀਬਨ 60 ਕਿਲੋਮੀਟਰ ਤੱਕ ਓਨਟਾਰੀਉ ਝੀਲ ਦੇ ਸਮਾਂਤਰ ਉੱਤਰ ਵਿੱਚ ਪੈਂਦਾ ਹੈ। ਇਹ ਪੱਛਮ ਵਿੱਚ ਨਿਆਗਰਾ ਦੇ ਕੰਢੇ ਤੋ 160 ਕਿਲੋ ਮੀਟਰ ਪੂਰਬ ਵਿੱਚ ਟਰੈਂਟ ਝੀਲ ਤੱਕ ਫੈਲਿਆ ਹੋਇਆ ਹੈ।

ਮੋਰੇਨ ਦੇ ਸਭ ਤੋਂ ਮਹੱਤਵਪੂਰਣ ਗੁਣਾਂ ਵਿੱਚ ਇੱਕ ਧਰਤੀ ਹੇਠਲਾ ਪਾਣੀ ਹੈ। ਇਹ ਮੀਂਹ ਦੇ ਪਾਣੀ ਦੇ ਮੋਰੇਨ ਦੀ ਜਮੀਨ ਵਿੱਚ ਰਿਸਣ ਕਾਰਨ ਇਕੱਠਾ ਹੋਇਆ ਹੈ। ਮੋਰੇਨ ਪਾਣੀ ਦੀ ਵੰਡ ਉਨਟਾਰੀਓ ਝੀਲ ਤੇ ਸਿਮਕੋਨ ਝੀਲ ਵਿਚਕਾਰ ਹੈ ਅਤੇ ਇਹ 30 ਤੋਂ ਵੱਧ ਨਦੀਆਂ ਦੇ ਪਾਣੀ ਦਾ ਮੁੱਖ ਸ੍ਰੋਤ ਹੈ।

ਮੋਰੇਨ ਬਰਫ ਦੀਆਂ ਤਹਿਆਂ ਦੀ ਆਪਸੀ ਰਗੜ ਕਾਰਨ ਉਪਜਿਆਂ ਹੈ ਜਿਸਨੇ ਉਤਰੀ ਅਮਰੀਕਾ ਨੂੰ ਹਜਾਰਾਂ ਸਾਲਾਂ ਤੋ ਢੱਕਿਆਂ ਹੋਇਆ ਸੀ। ਗਲੇਸ਼ੀਅਰਾਂ ਦੇ ਅੱਗੇ ਪਿਛੇ ਹੋਣ ਕਾਰਨ, ਕਈ ਪਦਾਰਥ ਰਗੜੇ ਗਏ ਤੇ ਇੱਕ ਨਵਾਂ ਜਮੀਨੀ ਧਰਾਤਲ ਸਾਹਮਣੇ ਆਇਆ। ਓਕ ਰਿੱਜ ਮੋਰੇਨ ਇਹਨਾਂ ਨਵੇਂ ਲੈਂਡਸਕੇਪਾਂ ਵਿਚੋਂ ਇੱਕ ਹੈ।

ਜਦ ਗਲੇਸੀਅਰਾਂ ਨੇ ਅਖੀਰ ਵਿੱਚ ਪਿਘਲਣਾ ਸੁਰੂ ਕੀਤਾ, ਤਾਂ ਨਵੇ ਪੈਦਾ ਹੋਏ ਮੋਰੇਨ ਵਿੱਚ ਇੱਕ ਪਾੜ ਪੈ ਗਿਆ ਜਿਹੜਾ ਅਸਲ ਵਿੱਚ ਹੋਰ ਚੌੜਾ ਹੋ ਗਿਆ ਅਤੇ ਇਕ ਨਵਾਂ ਮਲਬਾ ਜਿਥੇ ਪਿਘਲਿਆ ਪਾਣੀ, ਰੇਤ ਅਤੇ ਬਜਰੀ ਦਾ ਗਾਰਾ ਆਦਿ ਪਹਿਲਾਂ ਗਲੇਸ਼ੀਅਰ ਹੇਠਾਂ ਢੱਕੇ ਹੋਏ ਸਨ, ਪੈਦਾ ਹੋਇਆ।

ਗੁੰਝਲਦਾਰ ਭੂਗੋਲਿਕ ਇਤਿਹਾਸ, ਜਿਸਨੇ ਓਕ ਰਿੱਜ ਮੋਰੇਨ ਦੇ ਵਿਕਾਸ ਵਿੱਚ ਸਹਾਇਤਾ ਕੀਤੀ ਨੇ ਧਰਤੀ ਦੇ ਰੂਪ ਵਿੱਚ ਪਰਿਵਰਤਨ ਕੀਤਾ ਜੋ ਸਾਨੂੰ ਅੱਜ ਨਜਰ ਆ ਰਿਹਾ ਹੈ। ਇਸਦੀ ਚੌੜਾਈ 1 ਕਿਲੋਮੀਟਰ ਤੋ 15 ਕਿਲੋਮੀਟਰ ਹੈ ਅਤੇ ਟ੍ਰੋਪੋਗਰਾਫੀ ਗਰੈਵਲ, ਰੇਤ ਅਤੇ ਸਿਲਟ ਤੋਂ ਬਣੀ। ਮੋਰੇਨ ਦੇ ਸਭ ਤੋਂ ਮਹੱਤਵਪੂਰਣ ਗੁਣਾਂ ਵਿੱਚ ਇੱਕ ਧਰਤੀ ਹੇਠਲਾ ਪਾਣੀ ਹੈ। ਇਹ ਮੀਂਹ ਦੇ ਪਾਣੀ ਦੇ ਮੋਰੇਨ ਦੀ ਜਮੀਨ ਵਿੱਚ ਰਿਸਣ ਕਾਰਨ ਇਕੱਠਾ ਹੋਇਆ ਹੈ। ਮੋਰੇਨ ਪਾਣੀ ਦੀ ਵੰਡ ਉਨਟਾਰੀਓ ਝੀਲ ਤੇ ਸਿਮਕੋਨ ਝੀਲ ਵਿਚਕਾਰ ਹੈ ਅਤੇ ਇਹ 30 ਤੋਂ ਵੱਧ ਨਦੀਆਂ ਦੇ ਪਾਣੀ ਦਾ ਮੁੱਖ ਸ੍ਰੋਤ ਹੈ। ਮੋਰੇਨ ਦੇ ਹੇਠਲਾ ਪਾਣੀ ਦਾ ਰਿਸਾਵ ਲੋਕਲ ਅਤੇ ਖਿੱਤੇ ਦੇ ਅੰਦਰੂਨੀ ਪਾਣੀਆਂ ਦੇ ਵਹਾਅ ਦਾ ਸ੍ਰੋਤ ਹੈ।

ਮੋਰੇਨ ਦੀ ਵਿਭਿੰਨਤਾ ਭਰੇ ਭੂਗੋਲਿਕ ਕਾਰਨ ਇਥੋ ਦੀ ਵਿਭਿੰਨਤਾ ਭਰੀ ਸਰ ਸਬਜਤਾ ਉਪਰ ਵੀ ਅਸਰ ਦੇਖਿਆ ਜਾ ਸਕਦਾ ਹੈ। ਇਸ ਵਿੱਚ 100 ਖਿੱਤੇ ਭਰ ਵਿੱਚ ਦੁਰਲੱਭ, 5 ਰਾਜ ਅਨੁਸਾਰ ਦੁਰਲੱਭ ਅਤੇ ਕੁਝ ਖਤਰੇ ਵਿੱਚ (ਸਪੀਸ਼ਜ) ਜਾਤੀਆਂ ਹਨ।